autism education trust

www.autismeducationtrust.org.uk

# ਤੁਹਾਡੇ ਬੱਚੇ ਲਈ ਸਕੂਲ ਦੀ ਚੋਣ ਕਰਨੀ

**Choosing a school for your child**
**Punjabi version**

**Tel: 07795 667749**
**Email: info@autismeducationtrust.org.uk**
**393 City Road, London EC1V 1NG, UK**

## ਤੁਹਾਡੇ ਬੱਚੇ ਲਈ ਸਕੂਲ ਦੀ ਚੋਣ ਕਰਨੀ

ਕਈ ਵਿਕਲਪ ਮੌਜੂਦ ਹੋਣ ਕਰਕੇ ਕਿਸੇ ਵੀ ਮਾਤਾ-ਪਿਤਾ ਲਈ ਆਪਣੇ ਬੱਚੇ ਲਈ ਕਿਸੇ ਸਕੂਲ ਜਾਂ early years centre (ਅਰਲੀ ਈਅਰਸ ਸੈਂਟਰ) ਦੀ ਚੋਂਣ ਕਰਨੀ ਦੁਬਿਧਾ ਵਾਲੀ ਹੋ ਸਕਦੀ ਹੈ। ਇਸ ਦਸਤੀ ਇਸ਼ਤਿਹਾਰ ਦਾ ਉਦੇਸ਼ ਵੱਖੋ-ਵੱਖਰੇ ਸਕੂਲਾਂ ਬਾਰੇ ਤੁਹਾਨੂੰ ਵਿਸਥਾਰ ਨਾਲ ਦੱਸਣਾ ਅਤੇ ਕੁੱਝ ਸੁਝਾਅ ਦੇਣੇ ਹਨ ਜਿਸ ਨਾਲ ਤੁਹਾਨੂੰ ਆਪਣੇ autism spectrum disorder (ਔਟਿਸਮ ਸਪੈਕਟ੍ਰਮ ਡਿਸਆੱਡਰ) (ਜਿਸ ਵਿਚ autism (ਔਟਿਸਮ) ਅਤੇ Asperger syndrome (ਐਸਪਰਜਰ ਸਿੰਡ੍ਰੋਮ) ਸ਼ਾਮਲ ਹੈ) ਵਾਲੇ ਬੱਚੇ ਲਈ ਸਕੂਲ ਦੀ ਚੋਣ ਕਰਨ ਵਿਚ ਮਦਦ ਮਿਲ ਸਕੇ।

ਜੱਦ ਤੁਸੀਂ ਸਕੂਲ ਲਭਣੇ ਸ਼ੁਰੂ ਕਰੋ ਤਾਂ ਹੋ ਸਕਦਾ ਹੈ ਕਿ ਤੁਹਾਨੂੰ 'ਵਿਸ਼ੇਸ਼ ਸਿੱਖਿਅਕ ਲੋੜਾਂ' ਸ਼ਬਦ ਬਾਰੇ ਸੁਣਨ ਨੂੰ ਮਿਲੇ। ਇਹ ਵਿਸ਼ੇਸ਼ ਸਿੱਖਿਅਕ ਲੋੜਾਂ (ਐਸ.ਈ.ਐਨ.) ਸ਼ਬਦ ਯੁਕੇ ਵਿਚ ਉਨ੍ਹਾਂ ਬੱਚਿਆਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਨੂੰ ਸਿੱਖਣ ਵਿਚ ਕਠਿਨਾਈ ਜਾਂ ਅਸਮਰੱਥਤਾ ਹੈ ਜਿਸ ਕਰਕੇ ਉਹ ਉਨ੍ਹਾਂ ਦੀ ਉਮਰ ਦੇ ਹੋਰ ਬੱਚਿਆਂ ਵਾਂਗ ਤੇਜ਼ੀ ਨਾਲ ਨਹੀਂ ਸਿੱਖ ਸਕਦੇ ਹਨ। ਇਸ ਲਈ autism spectrum disorders (ASD) (ਔਟਿਸਮ ਸਪੈਕਟ੍ਰਮ ਡਿਸਆੱਡਰਸ) (ਏ.ਐਸ.ਡੀ.) ਨੂੰ ਅਕਸਰ ਵਿਸ਼ੇਸ਼ ਸਿੱਖਿਅਕ ਲੋੜਾਂ ਕਿਹਾ ਜਾਂਦਾ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਬੱਚੇ ਲਈ ਉਚਿਤ ਸਕੂਲ ਬਾਰੇ ਸੋਚਣਾ ਸ਼ੁਰੂ ਕਰੋ ਇਹ ਜ਼ਰੂਰੀ ਹੈ ਕਿ ਤੁਸੀਂ ਵੱਖੋ-ਵੱਖਰੇ ਉਪਲਬਧ ਸਕੂਲਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ। ਕਿਉਂ ਕਿ ਏ.ਐਸ.ਡੀ. ਏ ਐਸ ਡੀ ਹਰ ਕਿਸੇ ਨੂੰ ਅੱਡੋ-ਅੱਡ ਤਰੀਕੇ ਨਾਲ ਪ੍ਰਭਾਵਿਤ ਕਰਦਾ ਹੈ ਇਸ ਲਈ ਇਸ ਗੱਲ ਦਾ ਅਹਿਸਾਸ ਹੋਣਾ ਬਹੁਤ ਜ਼ਰੂਰੀ ਹੈ ਕਿ ਜਿਸ ਸਕੂਲ ਨੂੰ ਉਚਿਤ ਸਕੂਲ ਵਾਂਗ ਸਮਝਿਆ ਜਾਂਦਾ ਹੈ ਉਹ ਹਰ ਬੱਚੇ ਲਈ ਵੱਖਰਾ ਹੋ ਸਕਦਾ ਹੈ।

## ਕਿਹੜੇ ਸਕੂਲ ਉਪਲਬਧ ਹਨ?

ਇਸ ਗੱਲ ਤੇ ਨਿਰਭਰ ਕਰਦੇ ਹੋਏ ਕਿ ਸਕੂਲ ਨੂੰ ਫੰਡ ਕੌਣ ਦਿੰਦਾ ਹੈ ਅਤੇ ਇਸਦੀਆਂ ਨੀਤੀਆਂ ਦਾ ਸੰਚਾਲਨ ਕੌਣ ਕਰਦਾ ਹੈ ਸਕੂਲ ਮੁੱਖ ਤੌਰ ਤੇ ਦੋ ਕਿਸਮ ਦੇ ਹੁੰਦੇ ਹਨ। ਇਹ state or maintained schools (ਸਰਕਾਰ ਜਾਂ ਸਮਰਥਨ ਪ੍ਰਾਪਤ ਸਕੂਲ) ਹੁੰਦੇ ਹਨ ਜਿਨ੍ਹਾਂ ਨੂੰ ਆਮਤੌਰ ਤੇ ਤੁਹਾਡੀ ਲੋਕਲ ਅਥਾੱਰਿਟੀ ਫੰਡ ਕਰਦੀ ਹੈ। ਤੁਹਾਡੀ ਲੋਕਲ ਅਥਾੱਰਿਟੀ ਵਿਚ ਸਕੂਲ ਜਾਣ ਦੀ ਉਮਰ ਵਾਲੇ ਹਰ ਬੱਚੇ ਨੂੰ ਉਸ ਲੋਕਲ ਅਥਾੱਰਿਟੀ ਦੇ ਸਮਰਥਨ ਪ੍ਰਾਪਤ ਸਕੂਲ ਵਿਚ ਥਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ।

ਅਸਮਰੱਥਤ ਜਾਂ independent schools (ਸੁਤੰਤਰ ਸਕੂਲ) ਵਿਚ special schools (ਵਿਸ਼ੇਸ਼ ਬੱਚਿਆਂ ਦਾ ਸਕੂਲ) ਜਾਂ ਉਹ ਸਕੂਲ ਸ਼ਾਮਲ ਹੋ ਸਕਦੇ ਹਨ, ਜਿਹੜੇ ਕਿ ਖਾਸ ਧਰਮ ਜਾਂ ਸੰਸਕ੍ਰਿਤੀ ਦੇ

ਵਿਦਿਆਰਥੀਆਂ ਤੇ ਕੇਂਦ੍ਰਿਤ ਹੁੰਦੇ ਹਨ। ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਖਰਚੇ ਉਤੇ ਇਨ੍ਹਾਂ ਸਕੂਲਾਂ ਵਿਚ ਭੇਜ ਸਕਦੇ ਹਨ, ਜਾਂ ਕੁੱਝ ਮਾਮਲਿਆਂ ਵਿਚ ਸ਼ਾਇਦ ਉਹ ਆਪਣੀ ਲੋਕਲ ਅਥਾੱਰਿਟੀ ਨੂੰ ਇਸ ਕਿਸਮ ਦੇ ਸਕੂਲ ਦੇ ਖਰਚਾ ਦੇਣ ਲਈ ਕਹਿ ਸਕਦੇ ਹਨ। ਇਨ੍ਹਾਂ ਦੋ ਮੁੱਖ ਸ਼੍ਰੇਣੀਆਂ ਹੇਠਾਂ ਕਈ ਕਿਸਮਾਂ ਦੇ ਸਕੂਲ ਹਨ।

## ਸਕੂਲਾਂ ਦੀਆਂ ਕਿਸਮਾਂ :

- **Mainstream schools** (**ਮੇਨਸਟ੍ਰੀਮ ਸਕੂਲਸ**) **:** ਮੇਨਸਟ੍ਰੀਮ ਸਕੂਲਸ ਸਾਧਾਰਣ ਸਕੂਲ ਹੁੰਦੇ ਹਨ ਜਿਹੜੇ ਕਿ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਜਾਣ ਦੀ ਉਮਰ ਵਾਲੇ ਸਾਰੇ ਬੱਚਿਆਂ ਲਈ ਹੁੰਦੇ ਹਨ। ਇਹ ਸਰਕਾਰ ਵੱਲੋਂ ਸੰਚਾਲਿਤ ਜਾਂ ਸੁਤੰਤਰ ਹੋ ਸਕਦੇ ਹਨ। ਯੂਕੇ ਦੇ (Special Educational Needs Disability Act 2001) (ਸਪੈੱਸ਼ਲ ਐਜੁਕੇਸ਼ਨਲ ਨੀਡਸ ਡਿਸਅਬਿਲਿਟੀ ਐਕਟ 2001) ਕਨੂੰਨ ਅਨੁਸਾਰ ਏ.ਐਸ.ਡੀ. ਸਮੇਤ ਅਸਮਰੱਥਤਾ ਜਾਂ ਵਿਸ਼ੇਸ਼ ਲੋੜਾਂ ਵਾਲੇ ਸਾਰੇ ਬੱਚਿਆਂ ਨੂੰ ਮੇਨਸਟ੍ਰੀਮ ਸਕੂਲ ਵਿਚ ਪੜ੍ਹਾਈ ਕਰਣ ਦਾ ਅਧਿਕਾਰ ਪ੍ਰਾਪਤ ਹੈ। ਆਮਤੌਰ ਤੇ ਮੇਨਸਟ੍ਰੀਮ ਸਕੂਲ ਸਕੂਲ ਵਿਚ ਵਧੀਕ ਮਦਦ ਦੇਂਣ ਲਈ ਸਮਰੱਥ ਹੁੰਦੇ ਹਨ। ਇਸ ਵਿਚ ਵਿਸ਼ੇਸ਼ ਉਪਕਰਣ ਉਪਲਬਧ ਕਰਵਾਉਂਣਾ, ਵਿਸ਼ੇਸ਼ ਸਿੱਖਲਾਈ ਯੋਜਨਾਵਾਂ ਬਣਾਉਣੀਆਂ, ਜਾਂ ਕਲਾਸਰੂਮ ਸਹਾਇਕ ਵੱਲੋਂ ਵਧੀਕ ਮਦਦ ਹੋ ਸਕਦੀ ਹੈ।

- **ਮੇਨਸਟ੍ਰੀਮ ਸਕੂਲ ਵਿਚਲਾ ਕੋਈ ਬੇਸ ਜਾਂ ਇਕਾਈ :** ਇਕ specialist unit or resource base (ਸਪੈੱਸ਼ਲਿਸਟ ਯੂਨਿਟ ਆੱਰ ਰਿਸੋਰਸ ਬੇਸ) ਉਹ ਸਥਾਨ ਹੈ ਜਿੱਥੇ ਏ ਅਸ ਡੀ ਵਾਲੇ ਵਿਦਿਆਰਥੀਆਂ ਲਈ ਮੇਨਸਟ੍ਰੀਮ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਵਿਚ ਵੱਖਰੀਆਂ ਕਲਾਸਾਂ ਹੁੰਦੀਆਂ ਹਨ। ਇਨ੍ਹਾਂ ਇਕਾਈਆਂ ਜਾਂ ਬੇਸ ਵਿਚ ਘੱਟੋਂ ਘੱਟ ਇਕ ਅਜਿਹਾ ਅਧਿਆਪਕ ਹੁੰਦਾ(ਦੀ) ਹੈ ਜਿਸ ਨੂੰ ਏ.ਐਸ.ਡੀ. ਵਾਲੇ ਵਿਦਿਆਰਥੀਆਂ ਨੂੰ ਪੜ੍ਹਾਉਂਣ ਦੀ ਯੋਗਤਾ ਪ੍ਰਾਪਤ ਹੁੰਦੀ ਹੈ। ਉਹ ਜ਼ਿਆਦਾਤਰ ਬੇਸ ਵਿਚ ਇਨ੍ਹਾਂ ਵਿਦਿਆਰਥੀਆਂ ਨੂੰ ਮਦਦ ਪ੍ਰਦਾਨ ਕਰਦਾ(ਦੀ) ਹੈ ਤੇ ਨਾਲ ਹੀ ਜਦ ਉਚਿਤ ਹੋਵੇ ਮੇਨਸਟ੍ਰੀਮ ਸਕੂਲ ਤਾਈਂ ਪਹੁੰਚ ਕਰਨ ਵਿਚ ਉਨ੍ਹਾਂ ਦੀ ਮਦਦ ਕਰਦਾ(ਦੀ) ਹੈ।

- **Special schools (ਸਪੈੱਸ਼ਲ ਸਕੂਲਸ) :** Special schools (ਸਪੈੱਸ਼ਲ ਸਕੂਲ) (ਵਿਸ਼ੇਸ਼ ਬੱਚਿਆਂ ਦਾ ਸਕੂਲ) ਖਾਸਤੌਰ ਤੇ ਅਸਮਰੱਥਤਾ ਜਾਂ special educational needs (ਸਪੈੱਸ਼ਲ ਐਜੁਕੇਸ਼ਨਲ ਨੀਡਸ)(ਵਿਸ਼ੇਸ਼ ਸਿੱਖਿਅਕ ਲੋੜਾਂ) ਵਾਲੇ ਬੱਚਿਆਂ ਤੇ ਕੇਂਦ੍ਰਿਤ ਹੁੰਦੇ ਹਨ। ਇਨ੍ਹਾਂ ਸਕੂਲਾਂ ਵਿਚ ਫਰਕ ਇੰਨਾ ਹੈ ਕਿ ਇਹ ਵੱਖਰੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਦੇ ਹਨ: ਕੁੱਝ ਵਿਸ਼ੇਸ਼ ਬੱਚਿਆਂ ਦੇ ਸਕੂਲ ਸਿਰਫ ਏ.ਅਸ.ਡੀ. ਵਾਲੇ ਵਿਦਿਆਰਥੀਆਂ ਲਈ ਹੁੰਦੇ ਹਨ ; ਜਦ ਕਿ ਹੋਰਨਾਂ ਵਿਚ ਕਈ ਤਰ੍ਹਾਂ ਦੀਆਂ ਲੋੜਾਂ ਵਾਲੇ ਬੱਚੇ ਹੋ ਸਕਦੇ ਹਨ ਜਿਵੇਂ ਕਿ ਸਿੱਖਣ ਵਿਚ ਅਸਮਰੱਥਤਾ ਵਾਲੇ, ਸ਼ਰੀਰਕ ਅਸਰੱਥਤਾ ਵਾਲੇ ਜਾਂ ਹੋਰ ਸ਼ਰੀਰਕ ਪਰਿਸਥਿਤੀ ਵਾਲੇ ਬੱਚੇ। ਆਮਤੌਰ ਤੇ ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੇ ਇਨ੍ਹਾਂ ਬੱਚਿਆਂ ਨਾਲ ਕੰਮ ਕਰਨ ਲਈ ਖਾਸ ਸਿਖਲਾਈ ਲਈ ਹੁੰਦੀ ਹੈ।

- **Residential schools (ਅਵਾਸੀ ਸਕੂਲ) :** ਮੇਨਸਟ੍ਰੀਮ ਅਤੇ ਵਿਸ਼ੇਸ਼ ਬੱਚਿਆਂ ਦੇ ਸਕੂਲ ਦੋਵੇਂ ਹੀ ਆਪਣੇ ਵਿਦਿਆਰਥੀਆਂ ਲਈ ਆਵਾਸੀ ਸੁਵਿਧਾ ਪ੍ਰਦਾਨ ਕਰ ਸਕਦੇ ਹਨ ਜਿਸ ਕਰਕੇ ਵਿਦਿਆਰਥੀ ਸਕੂਲ ਅਹਾਤੇ ਵਿਚ ਰਾਤ ਨੂੰ ਠਹਿਰ ਸਕਦੇ ਹਨ। ਇਸ ਤਰ੍ਹਾਂ ਦਾ ਸਕੂਲ ਆਮਤੌਰ ਤੇ ਅਸਮਰੱਥਤ ਜਾਂ ਸੁਤੰਤਰ ਸਕੂਲ ਹੁੰਦਾ ਹੈ। ਵਿਦਿਆਰਥੀ ਦੇ ਰਹਿਣ ਦਾ ਸਮਾਂ ਅਡੋ-ਅਡ ਹੋ ਸਕਦਾ ਹੈ। ਏ.ਐਸ.ਡੀ. ਵਾਲੇ ਬੱਚਿਆਂ ਲਈ ਕੁੱਝ ਆਵਾਸੀ ਸਕੂਲਾਂ ਵਿਚ, ਵਿਦਿਆਰਥੀ ਸਿਰਫ ਹਫਤੇ ਦੇ ਦਰਮਿਆਨ ਹੀ ਠਹਿਰ ਸਕਦੇ ਹਨ, ਜਦ ਕਿ ਹੋਰਨਾਂ ਵਿਚ ਉਹ ਸਾਲ ਭਰ ਲਈ ਰਹਿ ਸਕਦੇ ਹਨ। ਇਨ੍ਹਾਂ ਸਕੂਲਾਂ ਦੇ ਕੰਮ ਕਰਨ ਵਾਲੇ ਸਟਾੱਫ ਨੇ ਏ.ਐਸ.ਡੀ. ਲਈ ਕੁੱਝ ਨ ਕੁੱਝ ਸਿੱਖਲਾਈ ਲਈ ਹੁੰਦੀ ਹੈ।

## ਮੈਨੂੰ ਕਿਵੇਂ ਪਤਾ ਲਗੇਗਾ ਕਿ ਕਿਹੜੇ ਸਕੂਲ ਉਪਲਬਧ ਹਨ?

ਇਹ ਜ਼ਰੂਰੀ ਨਹੀਂ ਹੈ ਕਿ ਉੱਤੇ ਬਿਆਨ ਕੀਤੇ ਸਾਰੇ ਹੀ ਸਕੂਲ ਤੁਹਾਡੇ ਇਲਾਕੇ ਵਿਚ ਮੌਜੂਦ ਹੋਣ। ਤੁਹਾਡੀ ਲੋਕਲ ਅਥਾੱਰਿਟੀ ਕੋਲ ਸਕੂਲ ਮੇਨਸਟ੍ਰੀਮ ਸਕੂਲ, ਵਿਸ਼ੇਸ਼ ਬੱਚਿਆਂ ਦੇ ਸਕੂਲ, ਅਤੇ resource bases (ਰਿਸੋਰਸ ਬੇਸਸ) ਦੇ ਨਾਲ ਉਸ ਖੇਤਰ ਵਿਚਲੇ ਸਾਰੇ ਮੇਨਟੇਨਡ ਸਕੂਲਾਂ ਦੀ ਵਿਸਤ੍ਰਿਤ ਸੂਚੀ ਹੋਵੇਗੀ।

The National Autistic Society (ਨੈਸ਼ਨਲ ਔਟਿਸਟਿਕ ਸੋਸਾਇਟੀ) ਉਨ੍ਹਾਂ ਸਾਰੇ ਸਕੂਲਾਂ ਬਾਰੇ ਇੱਕ ਦਸਤੀ ਇਸ਼ਤਿਹਾਰ ਛਾਪਦੀ ਹੈ ਜਿਹੜੇ ਕਿ ਏ.ਐਸ.ਡੀ. ਵਾਲੇ ਬੱਚਿਆਂ ਨੂੰ ਲੈਂਦੇ ਹਨ। ਉਹ ਇੱਕ ਆੱਨਲਾਈਨ ਡਾਇਰੈਕਟਰੀ ਵੀ ਪ੍ਰਦਾਨ ਕਰਦੇ ਹਨ ਜਿਸ ਵਿਚ ਉਨ੍ਹਾਂ ਸਕੂਲਾਂ ਦੇ ਵੇਰਵੇ ਦਿੱਤੇ ਹੁੰਦੇ ਹਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਹੁੰਦੀ ਹੈ। ਤੁਹਾਡੇ ਖੇਤਰ ਵਿਚਲੇ ਸਕੂਲਾਂ ਦੀ ਭਾਲ ਕਰਨ ਲਈ www.autism.org.uk/directory ਵੇਖੋ।

ਜੇਕਰ ਤੁਸੀਂ ਆਪਣੇ ਬੱਚੇ ਨੂੰ ਕਿਸੀ ਸੁਤੰਤਰ ਸਕੂਲ ਭੇਜਣ ਬਾਰੇ ਵਿਚਾਰ ਕਰ ਰਹੇ ਹੋ, ਤਾਂ ਤੁਹਾਨੂੰ *Gabbitas guide to schools for special needs* (ਗੈਬੀਟਾਸ ਗਾਈਡ ਟੂ ਸਕੂਲਸ ਫਾੱਰ ਸਪੈੱਸ਼ਲ ਨੀਡਸ) ਵਿਚ ਏ.ਐਸ.ਡੀ. ਵਾਲੇ ਬੱਚਿਆਂ ਨੂੰ ਲੈਂਣ ਵਾਲੇ ਸਕੂਲਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ, ਜਿਹੜੀ ਕਿ ਸ਼ਾਇਦ ਤੁਹਾਡੀ ਸਥਾਨਕ ਲਾਇਬ੍ਰੇਰੀ ਵਿਚ, ਜਾਂ Gabbitas ਜਾਂ Independent Schools Information Service (ISIS) (ਇਨਡਿਪੈਨਡੇਂਟ ਸਕੂਲਸ ਇਨਫਾਰਮੇਸ਼ਨ ਸਰਵਿਸ) (ਆਈ. ਐਸ. ਆਈ.ਐਸ,) ਵਰਗੇ ਕਿਸੇ ਜਾਣਕਾਰੀ ਕੇਂਦਰ ਵਿਖੇ ਉਪਲਬਧ ਹੋਵੇਗੀ। I-CAN (ਆਈ-ਕੈਨ) ਅਤੇ AFASIC (ਏ. ਐਫ. ਏ. ਐਸ. ਐਈ. .ਸੀ) ਵਾਂਗ ਹੋਰ ਅਸਮਰੱਥਤਾ ਚੈਰੀਟੀਸ ਬੋਲਚਾਲ ਅਤੇ ਭਾਸ਼ਾ ਅਸਮਰੱਥਤਾ ਵਾਲੇ ਬੱਚਿਆਂ ਦੇ ਸਕੂਲਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਜਾਣਕਾਰੀ ਸੇਵਾਵਾਂ ਅਤੇ ਚੈਰੀਟੀਆਂ ਦੇ ਸੰਪਰਕ ਵੇਰਵੇ 'ਉਪਯੋਗੀ ਸੰਪਰਕ' ਵਿਭਾਗ ਵਿਚ ਪ੍ਰਾਪਤ ਕੀਤੇ ਜਾ ਸਕਦੇ ਹਨ।

ਕਈ ਵਾਰੀ ਤੁਹਾਨੂੰ ਇਲਾਕੇ ਦੇ 'ਸੱਭ ਤੋਂ ਵਧੀਆ ਸਕੂਲ' ਬਾਰੇ ਤੁਹਾਡੇ ਮਿਤਰਾਂ ਜਾਂ ਪਰਿਵਾਰਕ ਸਦੱਸਾਂ ਤੋਂ ਸੁਝਾਅ ਮਿਲ ਸਕਦਾ ਹੈ। ਯਾਦ ਰੱਖੋ ਕਿ ਹਰ ਬੱਚੇ ਦੀਆਂ ਲੋੜਾਂ ਵੱਖਰੀਆਂ ਹੁੰਦੀਆਂ ਹਨ ਅਤੇ ਜੋ ਇਕ ਬੱਚੇ ਲਈ ਉਚਿਤ ਹੋਵੇ, ਭਾਵੇਂ ਉਸਨੂੰ ਏ. ਐਸ. ਡੀ. ਹੈ, ਇਹ ਜ਼ਰੂਰੀ ਨਹੀਂ ਕਿ ਉਹ ਤੁਹਾਡੇ ਬੱਚੇ ਲਈ ਵੀ ਉਚਿਤ ਹੋਵੇ। ਤੁਹਾਡੇ ਪਰਿਵਾਰ ਅਤੇ ਤੁਹਾਡੇ ਬੱਚੇ ਲਈ ਕੀ ਉਚਿਤ ਹੈ ਇਸਦੀ ਚੋਣ ਕਰਣ ਲਈ ਤੁਹਾਨੂੰ ਆਪ ਹੀ ਖੋਜ ਕਰਨੀ ਪਵੇਗੀ।

## ਸਕੂਲ ਦਾ ਦੌਰਾ ਕਰਨਾ

ਹੋ ਸਕਦਾ ਹੈ ਕਿ ਤੁਸੀਂ ਪਹਿਲਾਂ ਹੀ ਇਸ ਬਾਰੇ ਸੋਚਿਆ ਹੋਵੇ ਕਿ ਤੁਹਾਡਾ ਬੱਚਾ ਕਿਸ ਤਰ੍ਹਾਂ ਦੇ ਸਕੂਲ ਜਾਵੇ, ਜਾਂ ਫਿਰ ਤੁਸੀਂ ਅਜੇ ਇਸ ਬਾਰੇ ਕੁੱਝ ਨਹੀਂ ਸੋਚਿਆ ਹੋਵੇਗਾ। ਇਨ੍ਹਾਂ ਦੋਹਾਂ ਮਾਮਲਿਆਂ ਵਿਚ, ਸਕੂਲ ਕਿਵੇਂ ਕੰਮ ਕਰਦਾ ਹੈ ਅਤੇ ਇਹ ਤੁਹਾਡੇ ਬੱਚੇ ਲਈ ਉਚਿਤ ਹੈ ਜਾਂ ਨਹੀਂ, ਇਹ ਜਾਨਣ ਦਾ ਸਭਤੋਂ ਵਧੀਆ ਤਰੀਕਾ ਉਥੇ ਆਪ ਜਾਣਾ ਹੋਵੇਗਾ। ਤੁਹਾਡੇ ਖੇਤਰ ਦੇ ਹਰ ਸਕੂਲ ਵਿਚ ਜਾਣਾ ਤੁਹਾਡੇ ਲਈ ਸ਼ਾਇਦ ਮੁਮਕਿਨ ਨਹੀਂ ਹੋਵੇਗਾ, ਲੇਕਿਨ ਇਨ੍ਹਾਂ ਸਕੂਲਾਂ ਦੀਆਂ ਹਰ ਕਿਸਮਾਂ ਨੂੰ ਵੇਖਣਾ ਲਾਹੇਵੰਦ ਹੋ ਸਕਦਾ ਹੈ – ਮੇਨਸਟ੍ਰੀਮ, units (ਇਕਾਈਆਂ), ਅਤੇ ਵਿਸ਼ੇਸ਼ ਬਚਿਆਂ ਦੇ ਸਕੂਲ। ਇੰਞ ਕਰਨ ਨਾਲ ਤੁਹਾਨੂੰ ਹੋਰ ਚੰਗੀ ਤਰ੍ਹਾਂ ਪਤਾ ਲਗੇਗਾ ਕਿ ਹਰ ਇਕ ਥਾਂ ਤੁਹਾਡੇ ਬੱਚੇ ਅਤੇ ਤੁਹਾਡੇ ਲਈ ਕੀ ਪ੍ਰਦਾਨ ਕਰ ਸਕਦਾ ਹੈ। ਇਨ੍ਹਾਂ ਸ਼ੁਰੂਆਤੀ ਦੌਰੇਆਂ ਤੋਂ ਤੁਹਾਨੂੰ ਇਹ ਸਮਝਣ ਵਿਚ ਵੀ ਮਦਦ ਮਿਲੇਗੀ ਕਿ ਤੁਸੀਂ ਆਪਣੇ ਬੱਚੇ ਦੇ ਸਕੂਲ ਵਿਚ ਕਿਸ ਚੀਜ਼ ਨੂੰ ਮਹੱਤਵ ਦਿੰਦੇ ਹੋ।

ਜੇਕਰ ਤੁਸੀਂ ਲੰਮੇ ਸਮੇ ਤੋਂ ਸਕੂਲ ਨਹੀਂ ਗਏ ਤਾਂ ਕਿਸੇ ਸਕੂਲ ਦਾ ਦੌਰਾ ਕਰਨਾ ਤੁਹਾਡੇ ਲਈ ਚੁਣੌਤੀ ਭਰਿਆ ਹੋ ਸਕਦਾ ਹੈ। ਇਹ ਬਹੁਤ ਚੰਗਾ ਹੋਵੇਗਾ ਜੇਕਰ ਤੁਸੀਂ ਇਨ੍ਹਾਂ ਦੌਰਿਆਂ ਤੇ ਜਾਣ ਲਗਿਆਂ ਆਪਣੇ ਸਾਥੀ, ਮਿੱਤਰ ਜਾਂ ਪਰਿਵਾਰ ਦੇ ਸਦੱਸ, ਜਾਂ ਲੋਕਲ ਪੇਰੇਂਟ ਸਪੋਰਟ ਗ੍ਰੁਪ ਦੇ ਇਕ ਪ੍ਰਤਿਨਿਧੀ ਨੂੰ ਆਪਣੇ ਨਾਲ ਲੈ ਜਾਵੋ। ਕਿਸੇ ਨੂੰ ਆਪਣੇ ਨਾਲ ਲੈ ਜਾਣ ਨਾਲ ਸਕੂਲ ਬਾਰੇ ਉਨ੍ਹਾਂ ਦਾ ਵਖਰਾ ਨਜ਼ਰੀਆ ਵੇਖਣ ਨੂੰ ਮਿਲੇਗਾ। ਸਕੂਲ ਜਾਣ ਤੋਂ ਪਹਿਲਾਂ ਤੁਸੀਂ ਇਹ ਭੀ ਨਿਸ਼ਚਿਤ ਕਰ ਸਕਦੇ ਹੋ ਕਿ ਤੁਹਾਡੇ ਵਿਚੋਂ ਹਰ ਇਕ ਕਿਸ ਗੱਲ ਤੇ ਧਿਆਨ ਦੇਵੇਗਾ। ਉਦਾਹਰਣ ਲਈ, ਤੁਸੀਂ Head Teacher (ਹੈਡ ਟੀਚਰ) ਜਾਂ SENCO (special educational needs co-ordinator (ਸੇਨਕੋ - ਸਪੈੱਸ਼ਲ ਐਜੁਕੇਸ਼ਨਲ ਨੀਡਸ ਕੋ-ਆੱਰਡੀਨੇਟਰ ) ਜਿਸ ਦੀ ਜ਼ਿੰਮੇਵਾਰੀ ਮੇਨਸਟ੍ਰੀਮ ਸਕੂਲ ਵਿਚ ਵਿਸ਼ੇਸ਼ ਸਿੱਖਿਅਕ ਲੋੜਾਂ ਵਾਲੇ ਵਿਦਿਆਰਥੀਆਂ ਲਈ ਸਹਾਇਤਾ ਲਈ ਤਾਲਮੇਲ ਕਰਨਾ ਹੈ, ਨਾਲ ਗੱਲ ਕਰ ਸਕਦੇ ਹੋ, ਜਦ ਕਿ ਜਿਹੜਾ ਵਿਅਕਤੀ ਤੁਹਾਡੇ ਨਾਲ ਜਾਂਦਾ ਹੈ ਉਹ ਸਕੂਲ ਦੀ ਸੁਵਿਧਾਵਾਂ ਵੱਲ ਜ਼ਿਆਦਾ ਧਿਆਨ ਦੇ ਸਕਦਾ ਹੈ। ਦੌਰੇ ਦੇ ਦੌਰਾਨ ਜਿਹੜੇ ਸਵਾਲ ਤੁਸੀਂ ਪੁਛਣਾ ਚਾਹੁੰਦੇ ਹੋ ਉਸ ਦੀ ਸੂਚੀ ਬਨਾਉਣੀ ਤੁਹਾਡੇ ਲਈ ਚੰਗਾ ਹੋਵੇਗਾ।

## ਪੁੱਛਣ ਲਈ ਸਵਾਲ

ਪੁੱਛਣ ਲਈ ਨਿਸ਼ਚਿਤ ਸਵਾਲ ਤੁਹਾਡੀਆਂ ਲੋੜਾਂ ਤੇ ਨਿਰਭਰ ਕਰੇਗਾ। ਹੇਠਾਂ ਉਨ੍ਹਾਂ ਸਵਾਲਾਂ ਦੇ ਉਦਾਹਰਣ ਦਿੱਤੇ ਗਏ ਹਨ ਜਿਹੜੇ ਕਿ ਸਾਇਦ ਤੁਸੀਂ ਪੁੱਛਣਾ ਚਾਹੁੰਦੇ ਹੋਵੇ।

1. ਏ.ਐਸ.ਡੀ. ਵਾਲੇ ਵਿਦਿਆਰਥੀਆਂ ਨਾਲ ਵਰਤਣ ਵੇਲੇ ਸਕੂਲ ਕਿਨ੍ਹਾਂ ਰਾਹਾਂ ਅਤੇ ਤਰੀਕਿਆਂ ਦੀ ਵਰਤੋਂ ਕਰਦਾ ਹੈ?
2. ਜੇਕਰ ਸਕੂਲ ਸਿਰਫ ਇਕ ਨਿਸ਼ਚਿਤ ਰਾਹ ਹੀ ਅਪਣਾਉਂਦਾ ਹੈ, ਜਿਵੇਂ ਕਿ TEACCH (ਟੀ.ਈ.ਏ.ਸੀ.ਸੀ.ਐਚ), ਤਾਂ ਕੀ ਉਹ ਬੱਚੇ ਦੀਆਂ ਲੋੜਾਂ ਅਨੁਸਾਰ ਇਸਨੂੰ ਬਦਲਣ ਲਈ ਤਿਆਰ ਹੈ?
3. ਕੀ ਸਕੂਲ ਵਿਅਤੀਗਤ ਰੂਪ ਵਿਚ ਅਤੇ ਇਸਦੇ ਨਾਲ ਹੀ ਸਾਮੂਹਿਕ ਤੌਰ ਤੇ ਸਿੱਖਣ ਦੇ ਮੌਕੇ ਪ੍ਰਦਾਨ ਕਰਦਾ ਹੈ?
4. ਸਕੂਲ ਵਿਚ ਦੋਪਹਿਰ ਦੇ ਭੋਜਣ ਵੇਲੇ ਵਾਧੂ ਸਮੇਂ ਦਾ ਇਸਤੇਮਾਲ ਕਿਵੇਂ ਕੀਤਾ ਜਾਂਦਾ ਹੈ ਉਦਾਹਰਣ ਲਈ, ਕੀ ਉਥੇ lunch-time clubs (ਲੰਚ-ਟਾਈਮ ਕਲਬਸ) ਹਨ ਜਾਂ ਕੋਈ ਹੋਰ ਸੰਗਠਿਤ ਗਤਿਵਿਧੀਆਂ ਕਰਦੇ ਹਨ ਜਿਨ੍ਹਾਂ ਵਿਚ ਤੁਹਾਡਾ ਬੱਚਾ ਭਾਗ ਲੈ ਸਕੇ?
5. ਪੇਸ਼ੇਕਾਰ ਵਿਅਕਤੀਆਂ ਕੋਲੋਂ ਤੁਹਾਡਾ ਬੱਚਾ ਕਿਸ ਤਰ੍ਹਾਂ ਦੀ ਵਧੀਕ ਸਹਾਇਤਾ ਪ੍ਰਾਪਤ ਕਰ ਸਕਦਾ ਹੈ, ਉਦਾਹਰਣ ਲਈ speech and language therapist or occupational therapist (ਸਪੀਚ ਐਂਡ ਲੈਂਗੁਏਜ ਥੈਰੇਪਿਸਟ ਜਾਂ ਆੱਕਯੁਪੇਸ਼ਨਲ ਥੈਰੇਪਿਸਟ) ?
6. ਸਕੂਲ ਕਿੰਨੀ ਵਾਰੀ ASD advisory teacher (ਏ. ਐਸ. ਡੀ. ਸਲਾਹਕਾਰ ਅਧਿਆਪਕ) ਵੱਲੋਂ ਸਹਿਯੋਗ ਪ੍ਰਾਪਤ ਕਰਦਾ ਹੈ? (ਜੇਕਰ ਇਹ ਇਕ ਮੇਨਸਟ੍ਰੀਮ ਸਕੂਲ ਹੈ )
7. ਉਹ ਨੇਮ ਨਾਲ ਮਾਤਾ-ਪਿਤਾ ਨਾਲ ਗੱਲ-ਬਾਤ ਕਰਨ ਲਈ ਕਿਹੜੇ ਮਾਧਿਅਮ ਦੀ ਵਰਤੋਂ ਕਰਦੇ ਹਨ (ਉਦਾਹਰਣ ਲਈ, ਹੋਮ ਸਕੂਲ ਕਿਤਾਬ, ਈਮੇਲ, ਟੈਕਸਟ ਮੈਸੇਜ, ਸਮਾਚਾਰ-ਪੱਤ੍ਰਿਕਾ)?
8. ਕੀ ਸਾਰੇ ਹੀ ਸਟਾੱਫ ਨੂੰ ਏ.ਐਸ.ਡੀ ਬਾਰੇ ਨਿਸ਼ਚਿਤ ਸਿਖਲਾਈ ਦਿੱਤੀ ਗਈ ਹੈ?
9. ਕੀ ਸਿੱਖਲਾਈ ਵਿਚ ਨੇਮ ਨਾਲ ਸੁਧਾਰ ਕੀਤਾ ਜਾਂਦਾ ਹੈ?
10. ਕੀ ਸਟਾੱਫ ਨੂੰ ਏ.ਐ.ਸ.ਡੀ ਵਾਲੇ ਬੱਚਿਆਂ ਨਾਲ ਵਰਤਣ ਦਾ ਤਜ਼ੁਰਬਾ ਹੈ?
11. ਸਟਾੱਫ ਕਿਸੇ ਖਾਸ ਬੱਚੇ ਬਾਰੇ ਕਿੰਨੀ ਵਾਰੀ ਇਕ ਦੂਜੇ ਨਾਲ ਗੱਲ ਬਾਤ ਕਰਦਾ ਹੈ (ਇਨ੍ਹਾਂ ਵਿਚ ਅਧਿਆਪਕ, classroom assistants (ਕਲਾਸਰੂਮ ਅਸਿਸਟੇਂਟ), lunchtime supervisors (ਲੰਚ-ਟਾਈਮ ਸੂਪਰਵਾਈਸਰ), bus escorts (ਬੱਸ ਐਸਕੋਰਟਸ), ਅਤੇ ਬਾਹਰਲੇ ਪੇਸ਼ੇਕਾਰ ਹੋਣੇ ਚਾਹੀਦੇ ਹਨ ?

12. ਕੀ ਸਕੂਲ ਏ.ਐਸ.ਡੀ. ਵਾਲੇ ਬੱਚਿਆਂ ਲਈ ਸਕੂਲ ਦੇ ਸਮੇਂ ਤੋਂ ਅਲਾਵਾ ਸਹਾਇਤਾ ਪ੍ਰਦਾਨ ਕਰਦਾ ਹੈ (ਜਿਵੇਂ ਕਿ breakfast clubs (ਬ੍ਰੇਕਫਾਸਟ ਕਲਬ), after-school clubs (ਆੱਫਟਰ ਸਕੂਲ ਕਲਬ)?
13. ਕੀ ਸਕੂਲ ਦੀ ਇਕ ਨਿਸ਼ਚਿਤ SEN and bullying policy (ਸੇਨ ਅਤੇ ਸਤਾਉਣ ਦੇ ਖ਼ਿਲਾਫ਼ ਨੀਤੀ) ਹੈ? (ਜੇਕਰ ਹੈ ਤਾਂ ਯੋਜਨਾ ਦੀ ਇਕ ਨਕਲ ਦੀ ਮੰਗ ਕਰੋ)
14. ਕੀ ਸਕੂਲ ਦੀ ਸੰਪੂਰਨ ਸਕੂਲ ਲਈ ਕੋਈ ਵਿਵਹਾਰ ਨੀਤੀ ਹੈ? (ਇਕ ਨਕਲ ਲਈ ਕਹੋ।)

ਸਵਾਲ ਪੁੱਛਣ ਅਤੇ ਨੀਤੀਆਂ ਦੀਆਂ ਨਕਲਾਂ ਲੈਣ ਤੋਂ ਅਲਾਵਾ, ਉਸ ਸਥਾਨ ਨੂੰ ਪਰਖਣ ਲਈ ਸਕੂਲ ਵਿਚ ਘੁੱਮੋ। ਕੁੱਝ ਅਜਿਹਾਂ ਗੱਲਾਂ ਜਿਨ੍ਹਾਂ ਤੇ ਤੁਸੀਂ ਧਿਆਨ ਦੇਣਾ ਚਾਹੋਗੇ ਇਸ ਤਰ੍ਹਾਂ ਹਨ :

- ਬੱਚੇ ਕਿਸ ਕਿਸਮ ਦੀਆਂ ਗਤਿਵਿਧੀਆਂ ਵਿਚ ਰੱਝੇ ਹੋਏ ਹਨ?
- ਕੀ ਸਟਾੱਫ ਮਿਲਣਸਾਰ ਅਤੇ ਉਤਸਾਹ ਭਰਪੂਰ ਹੈ?
- ਇਸ ਬਾਰੇ ਪਤਾ ਕਰੋ ਕਿ ਸਕੂਲ ਵਿਚ ਸਿਖਲਾਈ ਦੇ ਵੱਖੋ-ਵੱਖਰੇ ਤਰੀਕਿਆਂ ਦੀ ਕਿਵੇਂ ਵਰਤੋਂ ਕੀਤੀ ਜਾ ਰਹੀ ਹੈ, ਉਦਾਹਰਣ ਲਈ ਦਰਸ਼ੀ ਸਮੇਂ ਸਾਰਣੀਆਂ।
- ਕੀ ਸਕੂਲ ਦੀ ਇਮਾਰਤ ਤੁਹਾਡੇ ਬੱਚੇ ਲਈ ਉਚਿਤ ਹੈ (ਸ਼ੋਰ ਦਾ ਪੱਧਰ, ਲਾਈਟਾਂ, ਸਕੂਲ ਤੋਂ ਬਾਹਰ ਭੱਜਣਾ ਕਿੰਨਾ ਅਸਾਨ ਹੈ!)?
- ਖੇਡ ਦੇ ਸਮੇਂ ਬੱਚਿਆਂ ਨੂੰ ਕਿਵੇਂ ਵਿਅਸਤ ਰੱਖਿਆ ਜਾਂਦਾ ਹੈ?
- ਕੀ ਉਨ੍ਹਾਂ ਦੇ ਖੇਡ ਦੇ ਮੈਦਾਨ ਵਿਚ ਅੱਡੋ-ਅੱਡ ਥਾਂ ਹਨ ਤਾਂਕਿ ਲੋੜ ਪੈਣ ਤੇ ਤੁਹਾਡਾ ਬੱਚਾ ਉਥੇ ਜਾ ਸਕੇ?
- ਕੀ ਉਥੇ ਕੋਈ ਲੁਕਵੀਆਂ ਥਾਵਾਂ ਹਨ ਜਿੱਥੇ ਤੁਹਾਡੇ ਬੱਚੇ ਨੂੰ ਸਤਾਇਆ ਜਾ ਸਕਦਾ ਹੈ?
- ਖੇਡ ਮੈਦਾਨ ਦਾ ਨਿਰੀਖਣ ਕਰਨ ਲਈ ਕੀ ਉਥੇ ਵਡੇਰੇ ਹਨ?

ਜੇਕਰ ਸੰਭਵ ਹੋਵੇ ਤਾਂ ਜਿਨ੍ਹਾਂ ਦੇ ਬੱਚੇ ਇਸ ਸਕੂਲ ਵਿਚ ਹਨ ਉਨ੍ਹਾਂ ਦੇ ਮਾਤਾ-ਪਿਤਾ ਨਾਲ ਗੱਲ-ਬਾਤ ਕਰੋ ਤਾਂਕਿ ਉਨ੍ਹਾਂ ਦੇ ਅਨੁਭਵ ਬਾਰੇ ਜਾਣ ਸਕੋ। ਫਿਰ ਵੀ, ਇਸ ਗੱਲ ਦਾ ਖ਼ਿਆਲ ਰਵੇ ਕਿ ਸਕੂਲ ਤੋਂ ਉਨ੍ਹਾਂ ਦੀਆਂ ਜ਼ਰੂਰਤਾਂ ਤੁਹਾਡੀਆਂ ਜ਼ਰੂਰਤਾਂ ਨਾਲੋਂ ਵੱਖਰੀਆਂ ਹੋ ਸਕਦੀਆਂ ਹਨ।

## ਵਿਕਲਪਾਂ ਵਿਚੋ ਸਭਤੋਂ ਉਚਿਤ ਵਿਕਲਪ ਦੀ ਚੋਣ

ਜਦ ਤੁਸੀਂ ਵੱਖੋ-ਵੱਖਰੇ ਸਕੂਲਾਂ ਦਾ ਦੌਰਾ ਕਰਦੇ ਹੋ ਤਾਂ ਤੁਹਾਨੂੰ ਇਹ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਉਹ ਕਿਹੜੇ ਤੱਤ ਹਨ ਜਿਹੜੇ ਕਿ ਤੁਹਾਡੇ ਲਈ ਮਹੱਤਵਪੂਰਨ ਹਨ। ਇਨ੍ਹਾਂ ਦੀ ਇਕ ਸੂਚੀ ਬਣਾਉ ਅਤੇ ਉਨ੍ਹਾਂ ਸਕੂਲਾਂ ਨਾਲ ਤੁਲਨਾ ਕਰੋ ਜਿਨ੍ਹਾਂ ਦਾ ਤੁਸੀਂ ਦੌਰਾ ਕੀਤਾ ਸੀ। ਇਹ ਸੰਭਵ ਹੈ ਕਿ ਕਿਸੇ ਵੀ ਸਕੂਲ ਵਿਚ ਤੁਹਾਡੇ ਲਈ ਮਹੱਤਵ ਰੱਖਦੇ ਸਾਰੇ ਹੀ ਤੱਤ ਨਾ ਹੋਣ। ਇਥੇ ਤੁਹਾਨੂੰ ਨਿਰਣਾ ਕਰਨਾ ਹੋਵੇਗਾ ਕਿ ਤੁਸੀਂ

ਕਿਸ ਬਾਰੇ ਸਮਝੌਤਾ ਕਰਨ ਲਈ ਤਿਆਰ ਹੋ। ਆਪਣੀ ਚੋਣ ਨੂੰ ਦੋ ਜਾਂ ਤਿੰਨ ਸਕੂਲਾਂ ਤਾਈਂ ਲੈਕੇ ਆਓ। ਇੰਝ ਕਰਨ ਨਾਲ ਜੇਕਰ ਤੁਹਾਡੀ ਪਹਿਲੀ ਪਸੰਦ ਦੇ ਸਕੂਲ ਵਿਚ ਕੋਈ ਥਾਂ ਨਹੀਂ ਹੈ ਤਾਂ ਤੁਹਾਨੂੰ ਦੂਜੇ ਸਕੂਲ ਦੀ ਚੋਣ ਕਰਨ ਵਿਚ ਮਦਦ ਮਿਲੇਗੀ।

## ਸਕੂਲ ਲਈ ਅਰਜ਼ੀ ਦੇਣੀ

ਏ.ਐਸ.ਡੀ. ਵਾਲੇ ਕੁੱਝ ਬੱਚਿਆਂ ਨੂੰ statement of special educational needs (ਸਟੇਟਮੈਂਟ ਆੱਫ ਸਪੈੱਸ਼ਲ ਐਜੁਕੇਸ਼ਨ ਨੀਡਸ) ਦੀ ਲੋੜ ਪੈ ਸਕਦੀ ਹੈ, ਅਕਸਰ ਇਸਨੂੰ ਸਿਰਫ statement (ਸਟੇਟਮੈਂਟ) ਕਿਹਾ ਜਾਂਦਾ ਹੈ। ਇਹ ਲੋਕਲ ਅਥਾੱਰਿਟੀ ਵੱਲੋਂ, ਸਕੂਲ ਵਿਚ ਵਿਦਿਆਰਥੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਥੇ ਜਾਰੀ ਕੀਤੀ ਜਾਂਦੀ ਹੈ,ਜਿੱਥੇ ਲੋਕਲ ਅਥਾੱਰਿਟੀ ਨੂੰ ਵਧੀਕ ਫੰਡ ਪ੍ਰਦਾਨ ਕਰਨੇ ਪੈਂਦੇ ਹਨ। ਕੁੱਝ ਬੱਚਿਆਂ ਕੋਲ ਸਟੇਟਮੈਂਟ ਸਕੂਲ ਜਾਣ ਤੋਂਣ ਪਹਿਲਾਂ ਵੀ ਹੋ ਸਕਦੀ ਹੈ। ਹੋਰਾਂ ਲਈ ਇਸ ਪਰਕ੍ਰਿਆ ਦੀ ਸ਼ੁਰੂਆਤ ਉਨ੍ਹਾਂ ਦੇ ਸਕੂਲ ਜਾਣ ਨਾਲ ਹੋ ਸਕਦੀ ਹੈ, ਅਤੇ ਕੁੱਝ ਨੂੰ ਸਟੇਟਮੈਂਟ ਦੀ ਸ਼ਾਇਦ ਕਦੇ ਵੀ ਲੋੜ ਨਾ ਪਵੇ।

ਮੇਨਟੇਨਡ, ਸੇਨਸਟ੍ਰੀਮ ਸਕੂਲ ਵਿਚ ਅਰਜ਼ੀ ਦੇਣ ਲਈ, ਤੁਹਾਨੂੰ ਅਰਜ਼ੀ ਦੇਣ ਤੋਂ ਪਹਿਲਾਂ ਤੁਹਾਡੇ ਬੱਚੇ ਲਈ ਸਟੇਟਮੈਂਟ ਦੀ ਲੋੜ ਨਹੀਂ ਪਵੇਗੀ। ਅਰਜ਼ੀ ਅੰਤਿਮ ਮਿਤੀ ਤੋਂ ਕਾਫੀ ਚਿਰ ਪਹਿਲਾਂ ਭਰੋ ਤਾਂ ਕਿ ਜੇ ਲੋੜ ਪਵੇ ਤਾਂ ਤੁਸੀਂ ਦੂਜਾ ਸਕੂਲ ਚੁਣ ਸਕੋ। ਜੇਕਰ ਤੁਸੀਂ ਆਪਣੇ ਬੱਚੇ ਨੂੰ ਵਿਸ਼ੇਸ਼ ਬੱਚਿਆਂ ਦਾ ਜਾਂ ਇੱਕ ਸੁਤੰਤਰ ਸਕੂਲ ਵਿਚ ਭੇਜਣਾ ਚਾਹੁੰਦੇ ਹੋ,ਤਾਂ ਆਮ ਤੌਰ ਤੇ ਵਿਦਿਆਰਥੀਆਂ ਨੂੰ ਅਰਜ਼ੀ ਦੇਣ ਤੋਂ ਪਹਿਲਾਂ ਸਟੇਟਮੇਂਟ ਦੀ ਲੋੜ ਹੁੰਦੀ ਹੈ। ਸਟੇਟਮੇਂਟਿੰਗ ਪਰਕ੍ਰਿਆ ਬਾਰੇ ਹੋਰ ਜਾਨਣ ਲਈ DCSF (ਡੀ,ਸੀ.ਐਸ.ਐਫ.) ਮਾਤਾ-ਪਿਤਾ ਅਤੇ ਦੇਖਭਾਲ ਕਰਤਾ ਕਿਤਾਬਚਾ ਪੜ੍ਹੋ।

## ਜੇਕਰ ਤੁਹਾਡੇ ਬੱਚੇ ਕੋਲ ਸਟੇਟਮੇਂਟ ਹੈ।

ਕਨੂੰਨ ਅਨੁਸਾਰ, ਮਾਤਾ-ਪਿਤਾ ਹੋਣ ਦੇ ਨਾਤੇ ਤੁਹਾਡੇ ਕੋਲ ਅਪਣੀ ਪਸੰਦ ਦਾ ਸਕੂਲ ਦੱਸਣ ਦਾ ਅਧਿਕਾਰ ਹੈ। ਇਕ ਵਾਰੀ ਬੱਚਾ ਅੰਤਿਮ ਸਟੇਟਮੈਂਟ ਪ੍ਰਾਪਤ ਕਰਦਾ ਹੈ, ਤਾਂ ਦਸਤਾਵੇਜ਼ ਦਾ ਅਨੁਛੇਦ ੪ ਉਨ੍ਹਾਂ ਨੂੰ ਦਾਖਲੇ ਵਾਲੇ ਸਕੂਲ ਦਾ ਨਾਮ ਦੱਸੇਗਾ। ਲੇਕਿਨ, ਪ੍ਰਸਤਾਵਿਤ ਸਟੇਟਮੈਂਟ (ਦਸਤਾਵੇਜੀਕਰਣ ਪੂਰਾ ਹੋਣ ਤੋਂ ਪਹਿਲਾਂ ਭੇਜੀ ਜਾਣ ਵਾਲੀ ਸਟੇਟਮੈਂਟ ਦੀ ਨਕਲ) ਦਾ ਅਨੁਛੇਦ ੪ ਖਾਲੀ ਹੋਵੇਗਾ। ਇਕ ਵਾਰੀ ਤੁਹਾਨੂੰ ਪ੍ਰਸਤਾਵਿਤ ਸਟੇਟਮੈਂਟ ਮਿਲਦੀ ਹੈ ਤਾਂ ਤੁਸੀਂ ਲੋਕਲ ਅਥਾੱਰਿਟੀ ਨੂੰ ਇਸ ਅਨੁਛੇਦ ਵਿਚ ਤੁਹਾਡੇ ਵੱਲੋਂ ਚੁਣੇ ਹੋਏ ਸਕੂਲ ਪਾਉਂਣ ਲਈ ਬੇਨਤੀ ਕਰ ਸਕਦੇ ਹੋ। ਲੋਕਲ ਅਥਾੱਰਿਟੀ ਦੇ ਇਲ ਨਾਲ ਸਹਿਮਤ ਹੋਣ ਤੋਂ ਪਹਿਲਾਂ, ਉਨ੍ਹਾਂ ਨੂੰ ਇਸ ਗੱਲ ਦੀ ਜਾਂਚ ਕਰਨ ਦੀ ਲੋੜ ਹੁੰਦੀ ਹੈ ਕਿ ਕੀ ਸਕੂਲ ਤੁਹਾਡੇ ਬੱਚੇ ਨੂੰ ਲੈਣ ਲਈ ਇੱਛੁਕ ਹੈ।

ਜੇ ਕਰ ਲੋਕਲ ਅਥਾੱਰਿਟੀ ਤੁਹਾਡੀ ਪਸੰਦ ਦਾ ਸਕੂਲ ਦੇਣ ਤੋਂ ਇੰਕਾਰ ਕਰਦੀ ਹੈ ਤਾਂ ਤੁਸੀਂ ਇਸਦਾ ਕਾਰਣ ਜਾਣਨ ਅਤੇ ਨਿਰਣੇ ਤੇ ਮੁੜ ਵਿਚਾਰ ਕਰਣ ਲਈ ਕਹਿਣ ਦੇ ਹੱਕਦਾਰ ਹੋ।ਜੇਕਰ ਤੁਹਾਨੂੰ ਇਨ੍ਹਾਂ ਵਿਚੋਂ ਕਿਸੇ ਵੀ ਖੇਤਰ ਵਿਚ ਪਰੇਸ਼ਾਨੀਆਂ ਆ ਰਹੀਆਂ ਹਨ ਤਾਂ ਅਸੀਂ ਤੁਹਾਨੂੰ ਅੰਤਿਮ ਸਟੇਟਮੈਂਟ ਤੇ ਹਸਤਾਖਰ ਕਰਨ ਤੋਂ ਪਹਿਲਾਂ ਤੁਹਾਡੀ ਲੋਕਲ Parent Partnership Service (ਪੇਰੇਂਟ ਪਾਰਟਨਰਸ਼ਿਪ ਸਰਵਿਸ) ਜਾਂ 'ਉਪਯੋਗੀ ਸੰਪਰਕ' ਭਾਗ ਵਿਚ ਸੂਚੀਬੱਧ ਕੀਤੀਆਂ helplines (ਹੈਲਪਲਾਈਨਸ) ਵਿਚੋਂ ਕਿਸੇ ਇਕ ਤੋਂ ਸਲਾਹ ਲੈਣ ਦੀ ਸਿਫਾਰਸ਼ ਕਰਾਂਗੇ।

## ਪ੍ਰਾਇਮਰੀ ਤੋਂ ਸੈਕੰਡਰੀ ਸਕੂਲ ਜਾਣਾ

ਪ੍ਰਾਇਮਰੀ ਤੋਂ ਸੈਕੰਡਰੀ ਸਕੂਲ ਜਾਣ ਵਾਲੇ ਉਹ ਵਿਦਿਆਰਥੀ, ਜਿਨ੍ਹਾਂ ਕੋਲ ਸਟੇਟਮੈਂਟ ਹੈ, ਉਨ੍ਹਾਂ ਦਾ ਦਾਖਲਾ ਸਧਾਰਣ ਤਰੀਕੇ ਨਾਲ ਨਹੀਂ ਹੁੰਦਾ। ਉਨ੍ਹਾਂ ਦੀ ਲੋਕਲ ਅਥਾੱਰਿਟੀ ਨੂੰ ਨਵੇਂ ਸਕੂਲ ਦਾ ਨਾਮ ਦੱਸਣ ਲਈ ਤਬਾਦਲੇ ਦੇ ਸਾਲ ਵਿਚ 15 ਫਰਵਰੀ ਤਾਈਂ ਉਨ੍ਹਾਂ ਦੀ ਸਟੇਟਮੈਂਟ ਵਿਚ ਸੋਧ ਕਰਨੀ ਚਾਹੀਦੀ ਹੈ। ਇਸਦੇ ਵੇਰਵੇ Special Education Needs Code of Practice (ਸਪੈਂਸ਼ਲ ਐਜੁਕੇਸ਼ਨ ਨੀਡਸ ਕੋਡ ਆੱਫ ਪ੍ਰੈਕਟਿਸ) ਦੇ ਅਨੁਛੇਦ 5:72 ਅਤੇ 8:132 ਵਿਚ ਦਿਤੇ ਗਏ ਹਨ। ਵਿਸ਼ੇਸ਼ ਸਿੱਖਿਅਕ ਲੋੜਾਂ ਵਾਲੇ ਬੱਚਿਆਂ ਦੀ ਮਦਦ ਕਿਵੇਂ ਕਰੀਏ ਇਸ ਬਾਰੇ ਸਪੈਂਸ਼ਲ ਐਜੁਕੇਸ਼ਨ ਨੀਡਸ ਕੋਡ ਆੱਫ ਪ੍ਰੈਕਟਿਸ (ਜਾਂ Code of practice (ਕੋਡ ਆੱਫ ਪ੍ਰੈਕਟਿਸ ))ਸਕੂਲਾਂ ਅਤੇ ਲੋਕਲ ਅਥਾੱਰਿਟੀ ਲਈ ਪੱਥ ਪਰਦਰਸ਼ਕ ਹੈ।

ਕੋਡ ਆੱਫ ਪ੍ਰੈਕਟਿਸ ਵਿਚ ਇਹ ਦੱਸਿਆ ਗਿਆ ਹੈ ਕਿ ਪੰਜਵੀਂ ਜਮਾਤ ਦੇ ਸਾਲ ਦੇ ਸਾਲਾਨਾ ਪੁਨਰ ਨਿਰੀਖਣ ਸਾਫ ਤੌਰ ਤੇ ਇਸ ਬਾਰੇ ਸਲਾਹ ਦਿੰਦਾ ਕਰਦਾ ਹੈ ਕਿ ਪ੍ਰਾਇਮਰੀ ਸਕੂਲ ਛੱਡਣ ਤੋਂ ਬਾਦ ਤੁਹਾਡੇ ਬੱਚੇ ਲਈ ਕਿਸ ਕਿਸਮ ਦਾ ਸਕੂਲ ਸੱਭ ਤੋਂ ਉਚਿਤ ਹੋਵੇਗਾ। ਇਸ ਲਈ ਇਹ ਜ਼ਰੂਰੀ ਹੈ ਕਿ ਪੰਜਵੀਂ ਜਮਾਤ ਦੇ ਸਾਲ ਦੇ annual review (ਸਾਲਾਨਾ ਪੁਨਰ ਨਿਰੀਖਣ) ਤੋਂ ਪਹਿਲਾਂ ਤੁਸੀਂ ਅਤੇ ਤੁਹਾਡੇ ਬੱਚੇ ਨੇ ਉਨ੍ਹਾਂ ਸੈਕੰਡਰੀ ਸਕੂਲਾਂ ਦਾ ਦੌਰਾ ਕੀਤਾ ਹੈ ਜਿਨ੍ਹਾਂ ਬਾਰੇ ਤੁਸੀਂ ਵਿਚਾਰ ਕਰ ਰਹੇ ਹੋ, ਤਾਂਕਿ ਤੁਸੀਂ ਆਪਣੀ ਪਸੰਦ ਦੱਸ ਸਕੋ।

ਤੁਹਾਡੇ ਬੱਚੇ ਦੇ ਕਿਸੇ early years (ਸ਼ੁਰੂਆਤੀ ਸਾਲ) ਵਿਵਸਥਾ ਤੋਂ ਪ੍ਰਾਏਮਰੀ ਸਕੂਲ ਵਿਚ ਜਾਣ ਵੇਲੇ ਸਟੇਟਮੇਂਟ ਵਿਚ ਸੋਧ ਕਰਨ ਲਈ ਕੋਈ ਅੰਤਿਮ ਮਿਤੀ ਨਹੀਂ ਹੁੰਦੀ ਹੈ।

## ਉਪਯੋਗੀ ਸੰਪਰਕ

ਹੇਠਾਂ ਦਿਤੀਆਂ ਸੇਵਾਵਾਂ ਵਿਚੋਂ ਜ਼ਿਆਦਾਤਰ ਸਿਰਫ ਅੰਗ੍ਰੇਜ਼ੀ ਵਿਚ ਹੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਜੇਕਰ ਕੋਈ ਸੰਸਥਾ ਦੂਜੀ ਬੋਲੀ ਵਿਚ ਜਾਣਕਾਰੀ ਪ੍ਰਦਾਨ ਕਰਦੀ ਹੈ ਤਾਂ ਉਸ ਬਾਰੇ ਦੱਸਿਆ ਗਿਆ ਹੈ।

### ਟੇਲੀਫੋਨ ਹੈਲਪਲਾਈਨ :

**Advocacy for Education Service (ਐਡਵੋਕੇਸੀ ਫਾੱਰ ਐਜੁਕੇਸ਼ਨ ਸਰਵਿਸ)**
ਟੇਲੀ: 0845 070 4002
ਵੈਬਸਾਈਟ: www.autism.org.uk/advocacy

National Autistic Society ਨੈਸ਼ਨਲ ਔਟਿਸਟਿਕ ਸੋਸਾਇਟੀ ਦੀ Advocacy for Education Service (ਐਡਵੋਕੇਸੀ ਫਾੱਰ ਐਜੁਕੇਸ਼ਨ ਸਰਵਿਸ) ਮਾਤਾ-ਪਿਤਾ ਨੂੰ ਇਸ ਬਾਰੇ ਪਰਾਮਰਸ਼ ਦਿੰਦੀ ਹੈ ਕਿ ਉਹ ਆਪਣੇ ASD ਵਾਲੇ ਬੱਚੇ ਲਈ ਸੱਭਤੋਂ ਉੱਤਮ ਸਿੱਖਿਆ ਕਿਵੇਂ ਪ੍ਰਾਪਤ ਕਰਨ ਅਤੇ ASD ਵਾਲੇ ਬੱਚਿਆਂ ਦੇ ਉਨ੍ਹਾਂ ਮਾ-ਪਿਤਾ ਨੂੰ ਸਹਾਇਤਾ ਦਿੰਦੀ ਹੈ ਜਿਹੜੇ Tribunal (ਟ੍ਰੀਬਿਯੂਨਲ) (ਅਦਾਲਤ) ਵਿਚ ਅਪੀਲ ਕਰ ਰਹੇ ਹਨ।
ਐਡਵੋਕੇਸੀ ਫਾੱਰ ਐਜੁਕੇਸ਼ਨ ਸਰਵਿਸ ਨੂੰ ਸੰਪਰਕ ਕਰਨ ਵੇਲੇ ਤੁਹਾਨੂੰ ਜਵਾਬੀ ਫੋਨ ਤੇ ਅੰਗ੍ਰੇਜ਼ੀ ਵਿਚ ਇਕ ਸੰਦੇਸ਼ ਅਤੇ ਤੁਹਾਡੇ ਸੰਪਰਕ ਵੇਰਵੇ ਛੱਡਣ ਦੀ ਲੋੜ ਹੁੰਦੀ ਹੈ; ਸਿੱਖਲਾਈ ਪ੍ਰਾਪਤ ਸਵੈਸੇਵਕ ਵਿਚੋਂ ਕੋਈ ਤੁਹਾਨੂੰ ਲਗਭਗ ਇਕ ਹਫਤੇ ਅੰਦਰ ਫੋਨ ਕਰੇਗਾ(ਗੀ)। ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਰਪਾ ਕਰਕੇ ਇਸ ਬਾਰੇ ਆਪਣੇ ਸੰਦੇਸ਼ ਵਿਚ ਦੱਸੋ ਅਤੇ ਲੋੜੀਂਦੀ ਭੋਲੀ ਬਾਰੇ ਸਾਫ ਸਾਫ ਦੱਸੋ।

**AFASIC (ਏ.ਐਫ.ਏ.ਐਸ.ਆਈ.ਸੀ.)**
ਟੇਲੀ : 0845 355 5577
ਮੰਗਲਵਾਰ ਅਤੇ ਬੁੱਧਵਾਰ, ਸਵੇਰੇ 10 ਵਜੇ-ਦੋਪਹਿਰ 2 ਵਜੇ; ਵੀਰਵਾਰ ਸਵੇਰੇ 10 ਵਜੇ-ਦੁਪਹਿਰ 12 ਵਜੇ।
AFASIC ਬੋਲਚਾਲ ਅਤੇ ਭਾਸ਼ਾ ਅਸਮਰੱਥਤਾ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੇ ਮਾਤਾ-ਪਿਤਾ ਨੂੰ ਸਕੂਲਾਂ ਬਾਰੇ ਸਲਾਹ ਅਤੇ ਜਾਣਕਾਰੀ ਦਿੰਦੀ ਹੈ।

**IPSEA (Independent Panel for Special Education Advice) ਆਈ.ਪੀ.ਐਸ.ਈ.ਏ. (ਇਨਡਿਪੈਨਡੇਂਟ ਪੈਨਲ ਫਾੱਰ ਸਪੈੱਸ਼ਲ ਐਜੁਕੇਸ਼ਨ ਐਡਵਾਈਸ)**
ਟੇਲੀ : 0800 018 4016 ਵੈਬਸਾਈਟ: www.ipsea.org.uk
ਇਸ ਹੈਲਪਲਾਈਨ ਵਿਚ ਪੇਸ਼ੇਕਾਰ ਕੰਮ ਕਰਦੇ ਹਨ ਅਤੇ ਇਹ ਵਿਸ਼ੇਸ਼ ਸਿੱਖਿਅਕ ਲੋੜਾਂ ਦੇ ਹਰ ਖੇਤਰ ਬਾਰੇ ਸਲਾਹ ਦਿੰਦੀ ਹੈ।

**ACE (Advisory Centre for Education) (ਏ.ਸੀ.ਈ.) (ਐਡਵਾਇਸਰੀ ਸੇਂਟਰ ਫਾੱਰ ਐਜੁਕੇਸ਼ਨ)**
ਟੇਲੀ : 0808 800 5793 (ਆਮ ਸਲਾਹ)
ਟੇਲੀ : 0808 800 0327 (ਸਕੂਲ ਤੋਂ ਗੈਰ ਹਾਜ਼ਿਰ ਰਹਿਣ ਬਾਰੇ ਸਲਾਹ)
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 10 ਵਜੇ-ਸ਼ਾਮੀਂ 5 ਵਜੇ ਤਾਈਂ
ਇਹ ਹੈਲਪਲਾਈਨ ਮਾਤਾ-ਪਿਤਾ ਅਤੇ ਪੇਸ਼ੇਕਾਰਾਂ ਨੂੰ ਸਿੱਖਿਅਕ ਮਸਲਿਆਂ ਬਾਰੇ ਜਾਣਕਾਰੀ ਅਤੇ ਸਲਾਹ ਦਿੰਦੀ ਹੈ।

**Network 81 (ਨੈਟਵਰਕ 81)**
ਟੇਲੀ : 0870 770 3306
ਵੈਬਸਾਈਟ : www.network81.org/
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 10 ਵਜੇ-ਦੁਪਹਿਰ 2 ਵਜੇ ਤਾਈਂ
ਵਿਸ਼ੇਸ਼ ਸਿੱਖਿਅਕ ਲੋੜਾਂ ਨਾਲ ਸਬੰਧਤ ਹਰ ਮਸਲੇ ਤੇ ਸਲਾਹ

## ਸਿੱਖਿਆ ਸਲਾਹ ਸੇਵਾਵਾਂ :

**Gabbitas Educational Consultants**
Carrington House
126-130 Regent Street
London W1R 6EE
ਟੇਲੀ : 020 7734 0161
ਫੈਕਸ : 020 7437 1764
ਈਮੇਲ : market@gabbitas.co.uk
ਵੈਬਸਾਈਟ : www.gabbitas.co.uk

Gabbitas Educational Consultants (ਗੈਬੀਟਾਸ ਐਜੁਕੇਸ਼ਨਲ ਕਨਸਲਟੈਂਟਸ) ਉਨ੍ਹਾਂ ਮਾਤਾ-ਪਿਤਾ ਨੂੰ ਸੇਵਾ ਦਿੰਦੇ ਹਨ ਜਿਹੜੇ ਕਿ ਆਪਣੇ ਬੱਚੇ ਲਈ ਉਚਿਤ ਸੁਤੰਤਰ ਸਕੂਲ ਦੀ ਭਾਲ ਕਰਨਾ ਚਾਹੁੰਦੇ ਹਨ। ਇਸ ਸੇਵਾ ਲਈ ਉਹ ਖਰਚਾ ਵਸੂਲ ਕਰਣਗੇ।

ਉਹ *Gabbitas guide to schools for special needs* (ਗੈਬੀਟਾਸ ਗਾਈਡ ਟੂ ਸਕੂਲਸ ਫਾੱਰ ਸਪੈੱਸ਼ਲ ਨੀਡਸ) (Kogan Paul (ਕੋਗਨ ਪਾੱਲ) ਵੱਲੋਂ ਪ੍ਰਕਾਸ਼ਿਤ)) ਵੀ ਪ੍ਰਕਾਸ਼ਿਤ ਕਰਦੇ ਹਨ ਜਿਸ ਵਿਚ ਬ੍ਰੀਟੇਨ ਦੇ ਸਾਰੇ ਵਿਸ਼ੇਸ਼ ਬੱਚਿਆਂ ਦਾ ਸਕੂਲ ਤੇ ਨਾਲ ਹੀ ਉਨ੍ਹਾਂ ਇਨਡਿਪੈਨਡੇਂਟ ਸਕੂਲਾਂ ਦੀ ਸੂਚੀ

ਹੁੰਦੀ ਹੈ ਜਿਹੜੇ ਕਿ ਵਿਸ਼ੇਸ਼ ਸਿੱਖਿਅਕ ਲੋੜਾਂ ਵਾਲੇ ਬੱਚਿਆਂ ਨੂੰ ਲੈਣ ਲਈ ਤਿਆਰ ਹਨ। ਇਹ ਤੁਹਾਡੀ ਸਥਾਨਕ ਲਾਇਬ੍ਰੇਰੀ ਜਾਂ ਕਿਤਾਬਾਂ ਦੀ ਦੁਕਾਨ ਤੋਂ ਮੰਗਵਾਈ ਜਾ ਸਕਦੀ ਹੈ।

**National ISIS**
Grosvenor Gardens House
35-37 Grosvenor Gardens
London SW1W 0BS
ਟੇਲੀ : 020 7798 1500
ਈਮੇਲ : national@isis.org.uk
ਵੈਬਸਾਈਟ : www.isis.org.uk

Independent Schools Information Service (ISIS) (ਇਨਡਿਪੈਨਡੇਂਟ ਸਕੂਲਸ ਇਨਫਾਰਮੇਸ਼ਨ ਸਰਵਿਸ (ਆਈ.ਐਸ.ਆਈ.ਐਸ.)) Gabbitas ਨੂੰ ਸਮਾਨ ਸੇਵਾ ਪ੍ਰਦਾਨ ਕਰਦੀ ਹੈ।

**National Parent Partnership Network (NPPN) (ਨੈਸ਼ਨਲ ਪੇਰੇਂਟ ਪਾਰਟਨਰਸ਼ਿਪ ਨੈਟਵਰਕ (NPPN))**
ਵੈਬਸਾਈਟ : www.parentpartnership.org.uk/Templates/index.htm

ਕੇਂਦਰੀ ਸਰਕਾਰ ਵੱਲੋਂ ਫੰਡ ਕੀਤੀਆਂ, ਸਪੈੱਸ਼ਲ ਐਜੁਕੇਸ਼ਨਲ ਨੀਡਸ (ਵਿਸ਼ੇਸ਼ ਸਿੱਖਿਅਕ ਲੋੜਾਂ) ਵਾਲੇ ਬੱਚਿਆਂ ਦੇ ਮਾਤਾ-ਪਿਤਾ ਸੁਤੰਤਰ ਸਲਾਹ ਸੇਵਾਵਾਂ। ਇਹ ਨੈਟਵਰਕ ਤੁਹਾਡੇ ਬੱਚੇ ਲਈ ਇਕ ਉਚਿਤ ਸਕੂਲ ਵਿਚ ਥਾਂ ਲੱਭਣ ਅਤੇ ਉਚਿਤ ਸਿੱਖਿਆਕ ਮਦਦ ਲੱਭਣ ਲਈ ਜ਼ਰੂਰੀ ਸਾਰੇ ਪਹਿਲੂਆਂ ਲਈ ਸਹਾਇਤਾ ਪ੍ਰਦਾਨ ਕਰਦਾ ਹੈ।

**Invalid Childrens Aid Network (I-CAN) (ਇਨਵੈਲਿਡ ਚਿਲਡਰਨਸ ਏਡ ਨੈਟਵਰਕ (ਆਈ-ਕੈਨ))**
I-CAN (ਆਈ-ਕੈਨ) ਬੋਲਚਾਲ ਅਤੇ ਭਾਸ਼ਾ ਅਸਮਰੱਥਤਾ ਵਾਲੇ ਬੱਚਿਆਂ ਦੇ ਸਕੂਲਾਂ ਦੀ ਸੂਚੀ ਪ੍ਰਕਾਸ਼ਿਤ ਕਰਦੀ ਹੈ। ਤੁਸੀਂ 0870 010 4066 ਤੋਂ ਉਨ੍ਹਾਂ ਕੋਲੋਂ ਇਕ ਨਕਲ ਮੰਗਵਾ ਸਕਦੇ ਹੋ।

## ਉਪਯੋਗੀ ਪ੍ਰਕਾਸ਼ਨਾਵਾਂ :

National Autistic Society (2004) (2004). *Schools, units and classes for children with autism and Asperger syndrome* (ਸਕੂਲਸ, ਯੂਨਿਟਸ ਐਂਡ ਕਲਾਸਸ ਫਾੱਰ ਚਿਲਡਰਨ ਵਿਦ ਔਟਿਸਮ ਐਂਡ ਐਸਪਰਜਰ ਸਿੰਡ੍ਰੋਮ)। ਲੰਡਨ : National Autistic Society । NAS ਪਬਲਿਕੇਸ਼ਨਸ ਤੋਂ ਮੰਗਵਾਉਂਣ ਲਈ ਉਪਲਬਧ।

NAS Publications
Central Books Ltd
99 Wallis Road
London E9 5LN
ਟੇਲੀ : +44 (0)845 458 9911
ਫੈਕਸ : +44 (0)845 458 9912
ਈਮੇਲ : nas@centralbooks.com
ਆੱਨਲਾਈਨ ਆੱਰਡਰ : www.autism.org.uk/pubs

© Autism Education Trust (ਔਟਿਸਮ ਐਜੁਕੇਸ਼ਨ ਟ੍ਰਸਟ) 2009

National Autistic Society ਵੱਲੋਂ ਤਿਆਰ ਕੀਤੀ ਜਾਣਕਾਰੀ ਤੋਂ ਅਨੁਕੂਲ ਕੀਤੀ

## ਅਰਥਾਵਲੀ

**After-school clubs (ਆੱਫਟਰ ਸਕੂਲ ਕਲਬ)** – ਸਕੂਲ ਦੇ ਸਮੇ ਤੋਂ ਬਾਦ ਵਿਦੀਆਰਥੀਆਂ ਲਈ ਸਕੂਲ ਵਿਚ ਆਯੋਜਿਤ ਕੀਤੀਆਂ ਸਮਾਜਿਕ ਅਤੇ ਵਿਸ਼ਰਾਮ ਗਤਿਵਿਧੀਆਂ।

**Annual review (ਸਾਲਾਨਾ ਨਿਰੀਖਣ)** – ਵਿਸ਼ੇਸ਼ ਸਿੱਖਿਅਕ ਲੋੜਾਂ ਦੀ ਸਟੇਟਮੇਂਟ ਦਾ ਸਲਾਨਾ ਪੁਨਰ-ਨਿਰੀਖਣ।

**ASD advisory teacher** (**ਏ.ਐਸ.ਡੀ. ਐਡਵਾਇਸਰੀ ਟੀਚਰ**) –ਇਕ ਮਾਹਿਰ ਅਧਿਆਪਕ ਜਿਹੜਾ ਕਿ ਔਟਿਸਮ ਸਪੇਕਟ੍ਰਮ ਡਿਸਆੱਡਰਸ ਵਾਲੇ ਵਿਦੀਆਰਥੀ ਨੂੰ ਪੜਾਉਂਣ ਵਾਲੇ ਸਟਾਫ ਨੂੰ ਸਲਾਹ ਅਤੇ ਮਦਦ ਦੇਣ ਲਈ ਸਕੂਲਾਂ ਅਤੇ ਅਰਲੀ ਇਅਰ ਕੇਂਦਰਾਂ ਵਿਚ ਜਾਂਦਾ ਹੈ।

**Asperger syndrome** (**ਐਸਪਰਜਰ ਸਿੰਡ੍ਰੋਮ)** - ਔਟਿਸਮ ਦਾ ਇਕ ਪ੍ਰਕਾਰ ਜਿਸ ਵਿਚ ਲੋਕਾਂ ਨੂੰ ਸਿੱਖਣ ਵਿਚ ਕਠਿਨਾਈ ਨਹੀਂ ਹੁੰਦੀ ਜਾਂ ਬੋਲੀ ਦੇ ਵਿਕਾਸ ਵਿਚ ਦੇਰੀ ਹੁੰਦੀ ਹੈ।

**Autism** (**ਔਟਿਸਮ)** – ਇਕ ਅਸਮਰੱਥਤਾ ਜਿਸ ਕਰਕੇ ਕਿਸੇ ਵਿਅਕਤੀ ਦੇ ਹੋਰਨਾਂ ਲੋਕਾਂ ਸੰਚਾਰ ਕਰਨ ਅਤੇ ਆਪਣੇ ਆਲੇ-ਦੁਆਲੇ ਦੇ ਸੰਸਾਰ ਨਾਲ ਸਬੰਧ ਰੱਖਣ ਦੇ ਤਰੀਕੇ ਪ੍ਰਭਾਵਤ ਹੁੰਦੇ ਹਨ।

**Autism spectrum disorders (ਔਟਿਸਮ ਸਪੇਕਟ੍ਰਮ ਡਿਸਆੱਡਰਸ)** - ਔਟਿਸਮ ਅਤੇ ਸਬੰਧਿਤ ਅਸਮਰੱਥਤਾਵਾਂ ਨਾਲ ਪ੍ਰਭਾਵਤ ਸਾਰੇ ਹੀ ਲੋਕਾਂ ਲਈ ਵਰਤਿਆ ਜਾਂਦਾ ਸਧਾਰਣ ਨਾਮ ਜਾਂ 'ਸਾਰਿਆਂ ਲਈ ਸਾਂਝਾ ਨਾਮ'।

**Breakfast club** (**ਬ੍ਰੇਕਫਾਸਟ ਕਲੱਬ)** – ਇਕ ਵਿਵਸਥਾ ਜਿਸ ਰਾਹੀਂ ਵਿਦਿਆਰਥੀਆਂ ਨੂੰ ਸਕੂਲ ਸ਼ੁਰੂ ਹੋਣ ਤੋਂ ਪਹਿਲਾਂ ਉਥੇ ਪਹੁੰਚ ਕੇ ਨਾਸ਼ਤਾ ਕਰਦੇ ਹਨ।

**Bus escorts (ਬੱਸ ਏਸਕੋਰਟ**) – ਜਦੋਂ ਸਕੂਲ ਜਾਣ ਲਈ ਪਰਿਵਹਨ ਲੋਕਲ ਅਥਾਰਿਟੀ ਵਲੋਂ ਪ੍ਰਦਾਨ ਕੀਤਾ ਜਾਂਦਾ ਹੈ ਤਾਂ ਸਕੂਲ ਜਾਣ ਵੇਲੇ ਅਤੇ ਉਥੋਂ ਵਾਪਸ ਆਉਣ ਵੇਲੇ ਬਸ ਐਸਕੋਰਟਸ ਅਸਮਰੱਥਤਾ ਵਾਲੇ ਬੱਚਿਆਂ ਨਾਲ ਹੁੰਦੇ ਹਨ।

**Classroom assistants (ਕਲਾਸਰੂਮ ਅਸਿਸਟੇਂਟਸ**) – ਉਹ ਲੋਕੀਂ ਜਿਹੜੇ ਕਿ ਸਕੂਲ ਵਿਚ ਵਿਅਕਤੀਗਤ ਵਿਦਿਆਰਥੀਆਂ ਜਾਂ ਫਿਰ ਵਿਦਿਆਰਥੀਆਂ ਦੇ ਛੋਟੇ ਸਮੂਹਾਂ ਨਾਲ ਕੰਮ ਕਰਦੇ ਹੋਏ ਵਿਦਿਆਰਥੀਆਂ ਦੀ ਮਦਦ ਕਰਦੇ ਹਨ।

**Department of children, schools and families (DCSF**) (**ਡਿਪਾਰਟਮੇਂਟ ਆਫ ਚਿਲਡਰਨ, ਸਕੂਲਸ ਐਂਡ ਫੈਮਿਲੀਸ (ਡੀ ਸੀ ਐਸ ਐਫ))** – ਇਕ ਸਰਕਾਰੀ ਸੰਸਥਾਨ ਜਿਹੜਾ ਕਿ ਲੋਕਲ ਅਥਾਰਿਟੀ ਅਤੇ ਸਕੂਲਾਂ ਨੂੰ ਬੱਚਿਆਂ ਦੀ ਸਿੱਖਿਆ ਬਾਰੇ ਮਾਰਗ ਦਰਸ਼ਨ ਪ੍ਰਦਾਨ ਕਰਦੀ ਹੈ।

**Early years centre (ਅਰਲੀ ਈਅਰਸ ਸੇਂਟਰ)** - ਨਰਸਰੀ, ਸਕੂਲ, ਡੇ ਕੇਅਰ ਪ੍ਰੋਵਿਜ਼ਨ ਜਾਂ ਪਲੇ-ਗ੍ਰੁਪ ਵਾਂਗ ਕਿਸੀ ਵੀ ਯੋਜਨਾ ਅਧੀਨ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸਿੱਖਿਆ ਪ੍ਰਦਾਤਾ

**Head Teacher (ਹੈਡ ਟੀਚਰ)** – ਉਹ ਵਿਅਕਤੀ ਜਿਹੜਾ ਕਿ ਸਕੂਲ ਦਾ ਇੰਚਾਰਜ ਹੁੰਦਾ ਹੈ।

**Helplines (ਹੈਲਪਲਾਈਨਸ)** – ਆਮਤੌਰ ਤੇ ਉਹ ਟੇਲੀਫੋਨ ਸੇਵਾਵਾਂ ਜਿਹੜੀਆਂ ਕਿ ਕਿਸੇ ਨਿਸ਼ਚਿਤ ਵਿਸ਼ਿਆਂ ਤੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

**Independent school (ਇਨਡਿਪੈਨਡੇਂਟ ਸਕੂਲਸ)** – ਉਹ ਸਕੂਲ ਜਿਹੜੇ ਕਿ ਸਰਕਾਰ ਵਲੋਂ ਫੰਡ ਨਹੀਂ ਪ੍ਰਾਪਤ ਕਰਦੇ ਹਨ।

**Lunchtime clubs (ਲੰਚ-ਟਾਈਮ ਕਲਬਸ)** – ਦੋਪਹਿਰ ਦੇ ਭੋਜਨ ਦੇ ਸਮੇਂ ਆਯੋਜਿਤ ਕੀਤੀਆਂ ਗਤਿਵਿਧੀਆਂ ਜਾਂ ਇਛਿਤ ਸਮੂਹ ਤਾਂਕਿ ਏ.ਐਸ.ਡੀ. ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਨ ਪਸੰਦ ਕਾਰਵਾਈ ਜਾਂ ਸਮਾਜਿਕ ਸਮੂਹ ਵਿਚ ਰੁਝਾਇਆ ਜਾ ਸਕੇ।

**Lunchtime supervisors** (**ਲੰਚ-ਟਾਈਮ ਸੂਪਰਵਾਈਸਰ**) – ਉਹ ਵਿਅਕਤੀ ਜਿਹੜੇ ਕਿ ਦੋਪਹਿਰ ਦੇ ਭੋਜਨ ਦੇ ਸਮੇਂ ਡਿਨਰ ਹਾੱਲ ਵਿਚ ਅਤੇ ਖੇਡ ਦੇ ਮਦਾਨ ਵਿਚ ਵਿਦਿਆਰਥੀਆਂ ਦੇ ਵਿਵਹਾਰ ਲਈ ਜ਼ਿੰਮੇਵਾਰ ਹੁੰਦੇ ਹਨ।

**Mainstream school (ਮੇਨਸਟ੍ਰੀਮ ਸਕੂਲਸ)** – ਪ੍ਰਾਇਮਰੀ ਅਤੇ ਸਕੈਂਡਰੀ ਸਕੂਲ ਦੀ ਉਮਰ ਵਾਲੇ ਸਾਰੇ ਹੀ ਬੱਚਿਆਂ ਲਈ ਸਧਾਰਣ ਸਕੂਲ।

**Occupational therapist (ਓਕਿਯੁਪੇਸ਼ਨਲ ਥੇਰਪਿਸਟ)** – ਉਹ ਪੇਸ਼ੇਕਾਰ ਜਿਹੜੇ ਕਿ ਬੱਚਿਆਂ ਨਾਲ ਉਨ੍ਹਾਂ ਦੇ ਸ਼ਰੀਰਕ ਕਾਬਲੀਅਤਾਂ ਵਿਚ ਸੁਧਾਰ ਕਰਨ ਲਈ ਕੰਮ ਕਰਦੇ ਹਨ ਅਤੇ ਅਨੁਕੂਲਤਾ ਅਤੇ ਉਚਿਤ ਉਪਕਰਣਾਂ ਬਾਰੇ ਸਲਾਹ ਦਿੰਦੇ ਹਨ।

**Residential school** (**ਰੇਸਿਡੇਂਸ਼ਿਅਲ ਸਕੂਲ**) – ਉਹ ਸਕੂਲ ਜਿਹੜੇ ਕਿ ਆਪਣੇ ਵਿਦਿਆਰਥੀਆਂ ਨੂੰ ਸਕੂਲ ਦੇ ਅਹਾਤੇ ਵਿਚ ਰਾਤ ਨੂੰ ਰਹਿਣ ਦੀ ਇਜ਼ਾਜਤ ਦਿੰਦੇ ਹਨ।

**SEN and bullying policy** (**ਸੇਨ ਐਂਡ ਬੁਲਿਇੰਗ ਪੌਲਿਸੀ**) – ਇਕ ਨੀਤੀ ਜਿਹੜੀ ਕਿ ਵਿਸ਼ੇਸ਼ ਸਿੱਖਿਅਕ ਲੋੜਾਂ ਵਾਲੇ ਬੱਚਿਆਂ ਨੂੰ ਸਤਾਉਣ ਵਾਲੇ ਮਸਲਿਆਂ ਨੂੰ ਹੱਲ ਕਰਨ ਲਈ ਸਕੂਲਾਂ ਦੇ ਦ੍ਰਿਸ਼ਟੀਕੋਣ ਬਾਰੇ ਵਿਸਥਾਰ ਨਾਲ ਦਸਦੀ ਹੈ।

**Special educational needs (ਸਪੈਂਸ਼ਲ ਐਜੁਕੇਸ਼ਨ ਨੀਡਸ)** – ਇਹ ਸ਼ਬਦ ਯੂਕੇ ਵਿਚ ਉਨ੍ਹਾਂ ਬੱਚਿਆਂ ਲਈ ਵਰਤਿਆ ਜਾਂਦਾ ਹੈ ਜਿਨ੍ਹਾਂ ਨੂੰ ਸਿੱਖਣ ਵਿਚ ਕਠਿਨਾਈ ਜਾਂ ਅਸਮਰੱਥਤਾ ਹੈ ਜਿਸ ਕਰਕੇ ਉਹ ਉਨ੍ਹਾਂ ਦੀ ਉਮਰ ਦੇ ਹੋਰ ਬੱਚਿਆਂ ਵਾਂਗ ਤੇਜ਼ੀ ਨਾਲ ਨਹੀਂ ਸਿੱਖ ਸਕਦੇ ਹਨ।

**Special educational needs code of practice (ਸਪੈਂਸ਼ਲ ਐਜੁਕੇਸ਼ਨ ਨੀਡਸ ਕੋਡ ਆੱਫ ਪ੍ਰੈਕਟਿਸ)** – ਵਿਸ਼ੇਸ਼ ਸਿੱਖਿਅਕ ਲੋੜਾਂ ਵਾਲੇ ਬੱਚਿਆਂ ਦੀ ਮਦਦ ਕਿਵੇਂ ਕੀਤੀ ਜਾਵੇ ਇਸ ਬਾਰੇ ਸਕੂਲਾਂ ਅਤੇ ਲੋਕਲ ਅਥਾਰਿਟੀ ਲਈ ਇਕ ਮਾਰਗਦਰਸ਼ਿਕਾ।

**Special educational needs co-ordinator** (**ਸਪੈਂਸ਼ਲ ਐਜੁਕੇਸ਼ਨ ਨੀਡਸ ਕੋਓਰਡਿਨੇਟਰ**) - ਮੇਨਸਟ੍ਰੀਮ ਸਕੂਲ ਵਿਚ ਵਿਸ਼ੇਸ਼ ਸਿੱਖਿਅਕ ਲੋੜਾਂ ਵਾਲੇ ਵਿਦਿਆਰਥੀਆਂ ਲਈ ਸਹਾਇਤਾ ਲੈਣ ਲਈ ਜ਼ਿੰਮੇਵਾਰ ਵਿਅਕਤੀ।

**Special educational needs disability act 2001 (ਸਪੈੱਸ਼ਲ ਐਜੁਕੇਸ਼ਨ ਨੀਡਸ ਡਿਸਏਬਿਲਿਟੀ ਐਕਟ 2001)** – ਇਕ ਕਾਨੂੰਨ ਜਿਹੜ ਕਿ ਵਿਸ਼ੇਸ਼ ਸਿੱਖਿਅਕ ਲੋੜਾਂ ਵਾਲੇ ਵਿਦਿਆਰਥੀਆਂ ਦੇ ਅਧਿਕਾਰਾਂ ਅਤੇ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਕਾਨੂੰਨੀ ਪਰਕ੍ਰਿਆ ਬਾਰੇ ਵਿਸਥਾਰ ਨਾਲ ਦੱਸਦਾ ਹੈ।

**Special school (ਸਪੈੱਸ਼ਲ ਸਕੂਲ)** – ਉਹ ਸਕੂਲ ਜਿਹੜ ਕਿ ਖਾਸ ਤੌਰ ਤੇ ਅਸਮਰੱਥਤਾ ਵਾਲੇ ਜਾਂ ਵਿਸ਼ੇਸ਼ ਲੋੜ ਵਾਲੇ ਬੱਚਿਆਂ ਲਈ ਹੁੰਦੇ ਹਨ।

**Specialist unit or resource base (ਸਪੈੱਸ਼ਲਿਸਟ ਯੂਨਿਟ ਆੱਰ ਰਿਸੋਰਸ ਬੇਸ)** - ਉਹ ਸਥਾਨ ਹੈ ਜਿੱਥੇ ਏ.ਐਸ.ਡੀ. ਵਾਲੇ ਵਿਦਿਆਰਥੀਆਂ ਲਈ ਮੇਨਸਟ੍ਰੀਮ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਵਿਚ ਵੱਖਰੀਆਂ ਕਲਾਸਾਂ ਹੁੰਦੀਆਂ ਹਨ।

**Speech and language therapist (ਸਪੀਚ ਐਂਡ ਲੈਂਗੁਏਜ ਥੈਰੇਪਿਸਟ)** – ਉਹ ਪੇਸ਼ੇਵਰ ਜਿਹੜ ਕਿ ਬੋਲੀ ਅਤੇ ਵਾਰਤਾਲਾਪ ਦੇ ਹੁਨਰਾਂ ਵਿਚ ਸੁਧਾਰ ਕਰਨ ਲਈ ਕੰਮ ਕਰਦੇ ਹਨ।

**State or maintained school (ਸਟੇਟ ਜਾਂ ਮੇਨਟੇਨਡ ਸਕੂਲਸ)** – ਉਹ ਸਕੂਲ ਜਿਹੜ ਕਿ ਆਮਤੌਰ ਤੇ ਲੋਕਲ ਅਥਾਰਿਟੀ ਵਲੋਂ ਫੰਡ ਪ੍ਰਾਪਤ ਕਰਦੇ ਹਨ।

**Statement of special educational needs (ਸਟੇਟਮੈਂਟ ਆੱਫ ਸਪੈੱਸ਼ਲ ਐਜੁਕੇਸ਼ਨ ਨੀਡਸ)** – ਇਹ ਲੋਕਲ ਅਥਾਰਿਟੀ ਵਲੋਂ ਸਕੂਲ ਵਿਚ ਵਿਦਿਆਰਥੀ ਦੀ ਲੋੜਾਂ ਪੂਰੀਆਂ ਕਰਨ ਲਈ ਵਧੀਕ ਸਹਾਇਤਾ ਪ੍ਰਦਾਨ ਕਰਨ ਵਾਸਤੇ ਜਾਰੀ ਕੀਤਾ ਜਾਂਦਾ ਹੈ।

**Treatment and Education of Autistic and related Communication handicapped Children (TEACCH) (ਟ੍ਰੀਟਮੇਂਟ ਐਂਡ ਐਜੁਕੇਸ਼ਨ ਔਫ ਓਟਿਸਟਿਕ ਐਂਡ ਰਿਲੇਟੇਡ ਕਮਿਯੁਨਿਕੇਸ਼ਨ ਹੈਂਡਿਕੈਪਡ ਚਿਲਡ੍ਰਨ (ਟੀ.ਈ.ਏ.ਸੀ.ਸੀ.ਐਚ.))** – ਆਭਾਸੀ ਸਹਾਇਤਾ ਦੀ ਵਰਤੋਂ ਕਰਦੇ ਹੋਏ ਢਾਂਚਾਗਤ ਤਰੀਕੇ ਨਾਲ ਏ.ਐਸ.ਡੀ. ਵਾਲੇ ਵਿਅਕਤੀਆਂ ਨਾਲ ਕੰਮ ਕਰਨ ਦਾ ਦ੍ਰਿਸ਼ਟੀਕੋਣ

**The National Autistic Society ਨੈਸ਼ਨਲ ਔਟਿਸਟਿਕ ਸੋਸਾਇਟੀ** – ਇਕ ਚੈਰਿਟੀ ਜਿਹੜੀ ਕਿ ਏ.ਐਸ.ਡੀਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਹਾਇਤਾ, ਸਾਲਹ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ।